PUNJABI

Healthier Scotland
Scottish Government

# ਅੰਗ ਦਾਨ ਅਤੇ ਧਾਰਮਕ ਵਿਸ਼ਵਾਸ



## ਅੰਗ ਅਤੇ ਤੰਤੂ ਦਾਨ ਅਤੇ ਸਿੱਖ ਵਿਸ਼ਵਾਸ ਲਈ ਇੱਕ ਮਾਰਗਦਰਸ਼ਕ

# ਸਿੱਖ ਧਰਮ ਅਤੇ ਅੰਗ ਦਾਨ

## ਅੰਗ ਅਤੇ ਤੰਤੂ ਦਾਨ ਦਾ ਪਰਿਚੈ

ਅੰਗ ਅਤੇ ਤੰਤੂ ਦਾਨ ਕਿਸੇ ਐਸੇ ਵਿਅਕਤੀ ਦੀ ਸਹਾਇਤਾ ਕਰਨ ਲਈ ਇੱਕ ਅੰਗ ਜਾਂ ਤੰਤੂ ਦਾ ਉਪਹਾਰ ਹੈ ਜਿਸਨੂੰ ਟ੍ਰਾਂਸਪਲਾਂਟ ਦੀ ਲੋੜ ਹੈ। ਅੰਗ ਜਾਂ ਤੰਤੂ ਟ੍ਰਾਂਸਪਲਾਂਟਾਂ ਰਾਹੀਂ ਹਰੇਕ ਸਾਲ ਸਕੌਟਲੈਂਡ ਵਿੱਚ ਰਹਿੰਦੇ ਸੈਂਕੜੇ ਲੋਕਾਂ ਦੀਆਂ ਜਾਨਾਂ ਬਚਾਈਆਂ ਜਾਂ ਬਿਹਤਰ ਕੀਤੀਆਂ ਜਾਂਦੀਆਂ ਹਨ। ਪਰੰਤੂ, ਔਸਤਨ, ਯੂਕੇ ਵਿੱਚ ਹਰੇਕ ਰੋਜ਼ ਅੰਗ ਟ੍ਰਾਂਸਪਲਾਂਟ ਦੀ ਉਡੀਕ ਕਰਦਿਆਂ ਕਿਸੇ ਦੀ ਮੌਤ ਹੁੰਦੀ ਹੈ।

ਅੰਗ ਜੋ ਲੋਕਾਂ ਵੱਲੋਂ ਮਰਨ ਤੋਂ ਬਾਅਦ ਦਾਨ ਕੀਤੇ ਜਾ ਸਕਦੇ ਹਨ ਉਨ੍ਹਾਂ ਵਿੱਚ ਦਿਲ, ਫੇਫੜੇ, ਗੁਰਦੇ (ਕਿਡਨੀ), ਲਿਵਰ, ਪਾਚਕ ਗ੍ਰੰਥੀ (ਪੈਨਕ੍ਰਿਆਸ) ਅਤੇ ਛੋਟੀ ਅੰਤੜੀ ਸ਼ਾਮਿਲ ਹਨ। ਤੰਤੂ ਜਿਸ ਤਰ੍ਹਾਂ ਦਿਲ ਦੇ ਵਾਲਵ, ਟੈਂਡਨ, ਕੋਰਨੀਆ ਅਤੇ ਚਮੜੀ ਵੀ ਹੋਰਨਾਂ ਦੀ ਸਹਾਇਤਾ ਲਈ ਦਾਨ ਕੀਤੇ ਜਾ ਸਕਦੇ ਹਨ। ਗੁਰਦਾ, ਹੱਡੀ ਅਤੇ ਕਦੀ-ਕਦਾਈਂ ਜਿਗਰ ਦੇ ਹਿੱਸੇ ਦਾ ਜੀਵਤ ਦਾਨ ਵੀ ਸੰਭਵ ਹੈ।

ਅੰਗ ਦਾਨ ਕਰਨਾ ਇੱਕ ਵਿਅਕਤੀ ਦੀ ਨਿੱਜੀ ਚੋਣ ਹੈ। ਹਾਲਾਂਕਿ ਕੁਝ ਲੋਕ ਨਿਸ਼ਕਾਮ ਸੇਵਾ ਦੇ ਤੌਰ ਤੇ ਅੰਗ ਦਾਨ ਕਰਨ ਬਾਰੇ ਸੋਚ ਸਕਦੇ ਹਨ।

***"ਸਿੱਖ ਹੋਣ ਦੇ ਨਾਤੇ, ਸਾਡੇ ਅੰਗਾਂ ਦਾ ਦਾਨ ਕਰਨਾ ਸਾਡੀ ਦੁਨਿਆਵੀ ਜ਼ਿੰਦਗੀ ਵਿੱਚ ਨਿਸ਼ਕਾਮ ਸੇਵਾ ਕਰਨ ਦੀ ਅੰਤਮ ਸੇਵਾ ਹੈ, ਇਸ ਲਈ ਇਸ ਮੌਕੇ ਨੂੰ ਹਮਦਰਦੀ ਅਤੇ ਪਿਆਰ ਨਾਲ ਅਪਣਾਓ।"***

*ਰਵਿੰਦਰ ਕੌਰ ਨਿੱਝਰ*
*ਸਿੱਖ ਪ੍ਰਤਿਨਿਧ, ਸਕੌਟਿਸ਼ ਰਿਲੀਜੀਅਸ ਲੀਡਰਸ ਫੋਰਮ, ਸਲਾਹਕਾਰ, ਸਕੌਟਲੈਂਡ ਵਿੱਚ ਸਿੱਖ*

## ਮਰਨ ਤੋਂ ਬਾਅਦ ਅੰਗ ਅਤੇ ਤੰਤੂ ਦਾ ਦਾਨ ਕਦੋਂ ਹੋ ਸਕਦਾ ਹੈ

ਡਾਕਟਰ ਅਤੇ ਹੋਰ ਸਿਹਤ-ਸੰਭਾਲ ਅਮਲਾ ਇੱਕ ਮਰੀਜ਼ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਵਚਨਬੱਧ ਹਨ। ਅੰਗ ਜਾਂ ਤੰਤੂ ਦਾਨ ਬਾਰੇ ਸਿਰਫ਼ ਉਦੋਂ ਹੀ ਵਿਚਾਰ ਕੀਤਾ ਜਾਂਦਾ ਹੈ ਜਦੋਂ ਉਨ੍ਹਾਂ ਦੀ ਜਾਨ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਜਾਂਦੀਆਂ ਹਨ।

ਜ਼ਿਆਦਾਤਰ ਅੰਗ ਕਿਸੇ ਵਿਅਕਤੀ ਦੀ ਮੌਤ ਦੀ ਨਯੂਰੋਲੌਜੀਕਲ ਮਾਪਦੰਡਾਂ ਦੀ ਵਰਤੋਂ ਕਰਦਿਆਂ ਪੁਸ਼ਟੀ ਤੋਂ ਬਾਅਦ ਦਾਨ ਕੀਤੇ ਜਾਂਦੇ ਹਨ, ਜਿਸ ਨੂੰ 'ਦਿਮਾਗੀ ਮੌਤ' (ਬ੍ਰੇਨਸਟੈਮ ਡੈਥ) ਵੀ ਕਿਹਾ ਜਾਂਦਾ ਹੈ। ਇਹ ਉੱਥੇ ਹੁੰਦਾ ਹੈ ਜਿੱਥੇ ਦਿਮਾਗ ਦੀ ਗੰਭੀਰ ਸੱਟ ਵਾਲਾ ਕੋਈ ਵਿਅਕਤੀ ਇੱਕ ਇਨਟੈਂਸਿਵ ਕੇਅਰ ਯੂਨਿਟ ਵਿੱਚ ਇੱਕ ਵੈਂਟੀਲੇਟਰ 'ਤੇ ਹੈ। ਉਸਦੇ ਦਿਮਾਗ ਦੀ ਸੱਟ ਨੇ ਦਿਮਾਗ ਦੇ ਸਟੈਮ ਵਿੱਚ ਮਹੱਤਵਪੂਰਣ ਕੇਂਦਰਾਂ ਨੂੰ ਨੁਕਸਾਨ ਪਹੁੰਚਾਇਆ ਹੋਏਗਾ, ਜੋ ਜੀਉਣ ਲਈ ਆਵਸ਼ੱਕ ਹਨ। ਇਹ ਕੋਮਾ ਜਾਂ ਕਿਰਿਆਹੀਣ ਅਵਸਥਾ ਵਿੱਚ ਹੋਣ ਵਰਗਾ ਨਹੀਂ ਹੈ। ਦੋ ਸੀਨੀਅਰ ਡਾਕਟਰਾਂ ਵੱਲੋਂ, ਜੋ ਟ੍ਰਾਂਸਪਲਾਂਟ ਟੀਮ ਤੋਂ ਸੁਤੰਤਰ ਹੁੰਦੇ ਹਨ, ਦੋ ਵੱਖ-ਵੱਖ ਮੌਕਿਆਂ 'ਤੇ ਅਤੇ ਸਖ਼ਤ ਮਾਪਦੰਡਾਂ ਦਾ ਪਾਲਣ ਕਰਦਿਆਂ ਹੋਇਆਂ ਟੈਸਟ ਕੀਤੇ ਜਾਂਦੇ ਹਨ।

***"ਸਮਾਜ ਦੀ ਨਿਰਸਵਾਰਥ ਸੇਵਾ ਵੱਲ ਆਪਣੀ ਵਚਨਬੱਧਤਾ ਲਈ ਸਿੱਖਾਂ ਨੇ ਬਹੁਤ ਸ਼ਲਾਘਾ ਪ੍ਰਾਪਤ ਕੀਤੀ ਹੈ।***

***ਸਮਾਜ ਦੀ ਇਸ ਤੋਂ ਵੱਡੀ ਸੇਵਾ ਹੋਰ ਕੀ ਹੋ ਸਕਦੀ ਹੈ?***

***ਇਕ ਵਾਰ ਜਦੋਂ ਅਸੀਂ ਇਸ ਨਾਸ਼ਵਾਨ ਜੀਵਨ ਵਿਚੋਂ ਲੰਘ ਜਾਂਦੇ ਹਾਂ, ਤਾਂ ਕਿਸੇ ਲਈ ਅੰਗ ਦਾਨ ਕਰਨ ਨਾਲੋਂ ਵੱਧ ਮਨੁੱਖਤਾ ਦੀ ਸੇਵਾ ਤੋਂ ਵੱਡੀ ਸੇਵਾ ਹੋਰ ਕੀ ਹੋ ਸਕਦੀ ਹੈ, ਜਿਸ ਨੂੰ ਅਸੀਂ ਰੱਬ ਦੇ ਰੂਪ ਵਜੋਂ ਵੇਖਦੇ ਹਾਂ।"***

*ਸੁਰਜੀਤ ਸਿੰਘ ਚੌਧਰੀ, ਪਰਧਾਨ, ਸੈਂਟ੍ਰਲ ਗੁਰਦਵਾਰਾ, ਸਿੰਘ ਸਭਾ*

ਜਦੋਂ ਦਿਮਾਗੀ ਮੌਤ ਦੀ ਪੁਸ਼ਟੀ ਹੋ ਜਾਂਦੀ ਹੈ, ਤਾਂ ਮਰੀਜ਼ ਹਾਲੇ ਵੀ ਵੈਂਟੀਲੇਟਰ (ਇੱਕ ਮਸ਼ੀਨ ਜੋ ਫੇਫੜਿਆਂ ਵਿੱਚ ਹਵਾ ਧਕੇਲਦੀ ਹੈ ਅਤੇ ਸਰੀਰ ਦੇ ਸਾਰੇ ਪਾਸੇ ਲਹੂ ਦੇ ਸੰਚਾਰ ਵਿੱਚ ਸਹਾਇਤਾ ਕਰਦੀ ਹੈ) 'ਤੇ ਹੋਇਗਾ। ਇਹ ਅੰਗਾਂ ਨੂੰ ਆਕਸੀਜਨ ਨਾਲ ਭਰਪੂਰ ਲਹੂ ਦੀ ਸਪਲਾਈ ਗੁਆਉਣ ਤੋਂ ਰੋਕਦਾ ਹੈ, ਜੋ ਅੰਗਾ ਨੂੰ ਕਾਰਜਸ਼ੀਲ ਰੱਖਣ ਵਿੱਚ ਸਹਾਇਤਾ ਕਰਦਾ ਹੈ।

ਵਿਕਲਪਿਕ ਤੌਰ 'ਤੇ, 'ਸੰਚਾਰ ਸੰਬੰਧੀ ਮੌਤ' ਤੋਂ ਬਾਅਦ ਅੰਗ ਦਾਨ ਕੀਤੇ ਜਾ ਸਕਦੇ ਹਨ, ਜੋ ਉਦੋਂ ਹੁੰਦੀ ਹੈ ਜਦੋਂ ਕਿਸੇ ਵਿਅਕਤੀ ਦੇ ਦਿਲ ਦੀ ਧੜਕਣ ਬੰਦ ਹੋ ਜਾਂਦੀ ਹੈ ਅਤੇ ਉਹ ਸਾਹ ਲੈਣਾ ਬੰਦ ਕਰ ਦਿੰਦਾ ਹੈ। ਇਹ ਉੱਥੇ ਹੁੰਦਾ ਹੈ ਜਿੱਥੇ ਡਾਕਟਰ ਇੱਕ ਮਰੀਜ਼ ਦੇ ਪਰਿਵਾਰ ਨਾਲ ਸਹਿਮਤ ਹੁੰਦੇ ਹਨ ਕਿ ਮਰੀਜ਼ ਦੇ ਠੀਕ ਹੋਣ ਦੀ ਕੋਈ ਯਥਾਰਥਵਾਦੀ ਸੰਭਾਵਨਾ ਨਹੀਂ ਹੈ ਅਤੇ ਮਰੀਜ਼ ਨੂੰ ਜੀਉਂਦਾ ਰੱਖਣ ਵਾਲਾ ਇਲਾਜ ਬੰਦ ਕਰਨ ਦਾ ਫੈਸਲਾ ਲਿੱਤਾ ਗਿਆ ਹੈ।

## ਪਰਿਵਾਰ ਦੀ ਸ਼ਮੂਲੀਅਤ

ਅੰਗ ਅਤੇ ਤੰਤੂ ਦਾਨ ਕਰਨ ਵਿੱਚ ਪਰਿਵਾਰ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਜੇ ਤੁਸੀਂ ਐਸੀ ਸਥਿਤੀਆਂ ਵਿੱਚ ਮਰ ਜਾਂਦੇ ਹੋ ਜਿੱਥੇ ਤੁਸੀਂ ਇੱਕ ਅੰਗ ਦਾਨੀ ਬਣ ਸਕਦੇ ਹੋ, ਇੱਕ ਮਾਹਰ ਨਰਸ ਇਹ ਦੇਖਣ ਲਈ NHS ਆਰਗਨ ਡੋਨਰ ਰਜਿਸਟਰ ਦੀ ਜਾਂਚ ਕਰੇਗੀ ਕਿ ਤੁਸੀਂ ਦਾਨ ਕਰਨ ਦਾ ਕੋਈ ਫੈਸਲਾ ਦਰਜ ਕੀਤਾ ਹੈ (ਜਾਂ ਤਾਂ ਦਾਨ ਕਰਨ ਦਾ ਜਾਂ ਦਾਨ ਨਹੀਂ ਕਰਨਾ ਨਾ ਚੁਣਨ ਦਾ)।

ਉਹ ਤੁਹਾਡੇ ਪਰਿਵਾਰ ਨਾਲ ਵੀ ਇਹ ਪੁੱਛਣ ਲਈ ਗੱਲ ਕਰਨਗੇ ਕਿ ਕੀ ਤੁਸੀਂ ਕਦੇ ਇੱਕ ਦਾਨੀ ਬਣਨ ਬਾਰੇ ਜਾਂ ਇਸ ਦੇ ਵਿਰੁੱਧ ਕੋਈ ਵਿਚਾਰ ਪ੍ਰਗਟ ਕੀਤੇ ਸੀ ਅਤੇ ਕੀ ਤੁਹਾਡਾ ਧਰਮ ਦਾਨ ਕਰਨ 'ਤੇ ਕੋਈ ਰੋਕ ਲਗਾਏਗਾ।

ਇਸ ਲਈ, ਤੁਹਾਡਾ ਫੈਸਲਾ ਜੋ ਵੀ ਹੋਵੇ, ਇਹ ਮਹੱਤਵਪੂਰਨ ਹੈ ਕਿ ਤੁਹਾਡੇ ਪਰਿਵਾਰ ਨੂੰ ਪਤਾ ਹੋਏ ਕਿ ਤੁਸੀਂ ਕੀ ਚਾਹੁੰਦੇ ਹੋ। ਇਸ ਨਾਲ ਉਨ੍ਹਾਂ ਨੂੰ ਇਹ ਸੁਨਿਸ਼ਚਿਤ ਕਰਨ ਲਈ ਸਹਾਇਤਾ ਕਰਨ ਵਿੱਚ ਅਸਾਨੀ ਹੋਏਗੀ ਕਿ ਤੁਹਾਡੇ ਦਾਨ ਦੇ ਫੈਸਲੇ ਦਾ ਸਤਿਕਾਰ ਕੀਤਾ ਜਾਂਦਾ ਹੈ। ਇਹ ਇਸ ਗੱਲ ਨੂੰ ਵੀ ਯਕੀਨੀ ਬਣਾਏਗਾ ਕਿ NHS ਸਟਾਫ਼ ਇਹ ਸੁਨਿਸ਼ਚਿਤ ਕਰ ਸਕਦੇ ਹਨ ਕਿ ਕੋਈ ਵੀ ਵਿਸ਼ੇਸ਼ ਸ਼ਰਤਾਂ ਜੋ ਤੁਸੀਂ ਆਪਣੇ ਦਾਨ ਨਾਲ ਜੋੜਨਾ ਚਾਹੁੰਦੇ ਹੋ, ਦਾ ਵੀ ਧਿਆਨ ਰੱਖਿਆ ਜਾਏ।

*ਸੇਵਾ ਕਰਤ ਹੋਇ ਨਿਹਕਾਮੀ।। ਤਿਸ ਕਉ ਹੋਤ ਪਰਾਪਤਿ ਸੁਆਮੀ।। (ਜੋ ਕੋਈ ਨਿਰਸੁਆਰਥ ਸੇਵਾ ਕਰਦਾ ਹੈ, ਇਨਾਮ ਦੇ ਬਾਰੇ ਸੋਚੇ ਬਗੈਰ, ਉਹ ਆਪਣੇ ਵਾਹਿਗੁਰੂ ਅਤੇ ਰੱਬ ਨੂੰ ਪ੍ਰਾਪਤ ਕਰ ਲਵੇਗਾ।) (ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ 286- ਪਵਿੱਤਰ ਸਿੱਖ ਧਰਮ ਗ੍ਰੰਥ)*

*ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ।। (ਤੁਸੀਂ ਜੋ ਚੰਗੇ ਕੰਮ ਕੀਤੇ ਹਨ ਸਿਰਫ਼ ਉਹ ਹੀ ਤੁਹਾਡੇ ਨਾਲ ਰਹਿਣਗੇ, ਉਹ ਮੇਰੀ ਜਿੰਦੜੀਏ, ਇਹ ਮੌਕਾ ਫਿਰ ਨਹੀਂ ਆਏਗਾ!) (ਸ਼੍ਰੀ ਗੁਰੂ ਗ੍ਰੰਥ ਸਾਹਿਬ ਅੰਗ 154)*

## ਸੰਭਾਲ ਅਤੇ ਸਤਿਕਾਰ

ਅੰਗਾਂ ਅਤੇ ਟਿਸ਼ੂਆਂ ਨੂੰ ਕੱਢਣ ਦਾ ਕੰਮ ਬਹੁਤ ਸੰਭਾਲ ਅਤੇ ਸਤਿਕਾਰ ਨਾਲ ਕੀਤਾ ਜਾਂਦਾ ਹੈ। ਪਰਿਵਾਰ ਬਾਅਦ ਵਿੱਚ ਮ੍ਰਿਤਕ-ਦੇਹ ਨੂੰ ਦੇਖ ਸਕਦਾ ਹੈ ਅਤੇ ਜੇ ਪਰਿਵਾਰ ਚਾਹੁੰਦਾ ਹੈ, ਤਾਂ ਸਟਾਫ਼ ਕਿਸੇ ਗ੍ਰੰਥੀ ਜਾਂ ਸਥਾਨਕ ਧਾਰਮਿਕ ਆਗੂ ਨਾਲ ਸੰਪਰਕ ਕਰ ਸਕਦੇ ਹਨ। ਅੰਗ ਦਾਨ ਦਾ ਆਪਰੇਸ਼ਨ ਆਮ ਤੌਰ 'ਤੇ ਕੁਝ ਘੰਟਿਆਂ ਦੇ ਅੰਦਰ ਪੂਰਾ ਹੋ ਜਾਂਦਾ ਹੈ ਅਤੇ ਇਸ ਲਈ ਆਮ ਤੌਰ 'ਤੇ ਸਰੀਰ ਨੂੰ ਇਸਤੋਂ ਬਾਅਦ ਫੌਰਨ ਸਸਕਾਰ ਲਈ ਪਰਿਵਾਰ ਨੂੰ ਵਾਪਸ ਦਿੱਤਾ ਜਾ ਸਕਦਾ ਹੈ।

# ਆਪਣੀ ਪਸੰਦ ਚੁਣਨਾ

## ਮੈਂ ਇੱਕ ਦਾਨੀ ਕਿਵੇਂ ਬਣਾਂ?

ਜੇ ਤੁਸੀਂ ਆਪਣੀ ਮੌਤ ਤੋਂ ਬਾਅਦ ਆਪਣੇ ਕੁਝ ਜਾਂ ਸਾਰੇ ਅੰਗਾਂ ਅਤੇ/ਜਾਂ ਟਿਸ਼ੂਆਂ ਨੂੰ ਦਾਨ ਕਰਨਾ ਚਾਹੁੰਦੇ ਹੋ, ਤਾਂ ਇਹ ਸੁਨਿਸ਼ਚਿਤ ਕਰਨ ਦਾ, ਕਿ ਤੁਹਾਡਾ ਪਰਿਵਾਰ ਜਾਣਦਾ ਹੈ ਕਿ ਤੁਸੀਂ ਕੀ ਚਾਹੁੰਦੇ ਹੋ ਅਤੇ ਉਹਨਾਂ ਵੱਲੋਂ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਲਈ ਕਿ ਤੁਹਾਡੇ ਦਾਨ ਦੇ ਫੈਸਲੇ ਦਾ ਸਤਿਕਾਰ ਕੀਤਾ ਜਾਏ, ਸਭ ਤੋਂ ਵਧੀਆ ਤਰੀਕਾ NHS ਅੰਗ ਦਾਨੀ ਰਜਿਸਟਰ ਵਿੱਚ ਦਾਨੀ ਵਜੋਂ ਆਪਣਾ ਨਾਂ ਦਰਜ ਕਰਵਾਉਣਾ ਹੈ ਅਤੇ ਆਪਣੇ ਪਰਿਵਾਰ ਨੂੰ ਦੱਸਣਾ ਹੈ ਕਿ ਤੁਸੀਂ ਕੀ ਫੈਸਲਾ ਕੀਤਾ ਹੈ। ਤੁਸੀਂ ਰਜਿਸਟਰ ਉੱਤੇ ਇਹ ਵੀ ਦਰਜ ਕਰ ਸਕਦੇ ਹੋ ਕਿ ਕੀ ਤੁਹਾਡਾ ਧਰਮ/ਵਿਸ਼ਵਾਸ ਮਹੱਤਵਪੂਰਨ ਹੈ ਅਤੇ ਇਸਨੂੰ ਦਾਨ ਬਾਰੇ ਚਰਚਾ ਦਾ ਹਿੱਸਾ ਮੰਨਿਆ ਜਾਣਾ ਚਾਹੀਦਾ ਹੈ।

## ਜੇ ਮੈਂ ਦਾਨ ਨਹੀਂ ਕਰਨਾ ਚਾਹੁੰਦਾ/ਚਾਹੁੰਦੀ ਤਾਂ ਕੀ ਹੋਵੇਗਾ?

ਜੇ ਤੁਸੀਂ ਦਾਨ ਨਹੀਂ ਕਰਨਾ ਚਾਹੁੰਦੇ, ਤਾਂ ਇਸ ਫੈਸਲੇ ਨੂੰ NHS ਦੇ ਅੰਗ ਦਾਨੀ ਰਜਿਸਟਰ ਵਿੱਚ ਦਰਜ ਕਰਨਾ ਅਤੇ ਆਪਣੇ ਪਰਿਵਾਰ ਨੂੰ ਦੱਸਣਾ ਮਹੱਤਵਪੂਰਨ ਹੈ। ਜੇ ਤੁਸੀਂ ਕੁਝ ਅੰਗਾਂ ਜਾਂ ਤੰਤੂਆਂ ਦਾ ਦਾਨ ਕਰਨ ਵਿੱਚ ਖੁਸ਼ ਹੋ, ਪਰ ਹੋਰਨਾਂ ਦਾ ਨਹੀਂ, ਤਾਂ ਦਾਨ ਦੀ ਚੋਣ ਤੋਂ ਨਾ ਨਿਕਲੋ। ਇਸ ਦੀ ਬਜਾਏ, ਇੱਕ ਦਾਨੀ ਵਜੋਂ ਰਜਿਸਟਰ ਹੋਵੋ ਅਤੇ ਸਿਰਫ਼ ਉਹਨਾਂ ਅੰਗਾਂ ਜਾਂ ਤੰਤੂਆਂ ਨੂੰ ਚੁਣੋ ਜਿਨ੍ਹਾਂ ਨੂੰ ਦਾਨ ਕਰਨ ਲਈ ਤੁਸੀਂ ਤਿਆਰ ਹੋ।

***ਸਿੱਖ ਧਰਮ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ (1469-1539) ਦੀ ਰੂਹਾਨੀ ਸਿੱਖਿਆ ‘ਤੇ ਆਧਾਰਿਤ ਹੈ***

***“ਇੱਕ ਸਿੱਖ ਸੱਚਾਈ, ਸਵੈ-ਨਿਯੰਤਰਣ ਅਤੇ ਸ਼ੁੱਧਤਾ ਵਿੱਚ ਇੱਕ ਕਿਰਿਆਸ਼ੀਲ, ਸਿਰਜਣਾਤਮਕ ਅਤੇ ਵਿਹਾਰਕ ਜੀਵਨ ਜਿਉਣ ਵਿੱਚ ਵਿਸ਼ਵਾਸ ਰੱਖਦਾ ਹੈ। ਸਿੱਖ ਫ਼ਲਸਫ਼ਾ ਅਤੇ ਸਿੱਖਿਆ ਆਪਣੇ ਆਪ ਤੋਂ ਪਹਿਲਾਂ ਦੂਜਿਆਂ ਨੂੰ ਦੇਣ ਦਾ ਸਮਰਥਨ ਕਰਦੀ ਹੈ। ਮਨੁੱਖੀ ਅੰਗ ਰੱਬ ਦੀ ਦਾਤ ਹਨ। ਸਿੱਖ ਧਰਮ ਅਨੁਸਾਰ ਜੀਵਨ ਮੌਤ ਤੋਂ ਬਾਅਦ ਰੂਹ ਦੇ ਰੂਪ ਵਿੱਚ ਜਾਰੀ ਰਹਿੰਦਾ ਹੈ ਨਾ ਕਿ ਸਰੀਰਕ ਅਵਸਥਾ ਵਿੱਚ। ਇਸ ਲਈ, ਅੰਗ ਦਾਨ ਕਰਨਾ ਦੋਨੋਂ ਤਰ੍ਹਾਂ ਨਾਲ ਸਿੱਖੀ ਦੀ ਸਿੱਖਿਆ ਦੇ ਅਨੁਕੂਲ ਅਤੇ ਇਸਦੀ ਭਾਵਨਾ ਅਨੁਸਾਰ ਹੈ। ਇੱਕ ਮਨੁੱਖ ਦੀ ਜ਼ਿੰਦਗੀ ਨੂੰ ਬਚਾਉਣਾ ਸਭ ਤੋਂ ਮਹਾਨ ਕਾਰਜ ਹੈ ਜੋ ਇੱਕ ਵਿਅਕਤੀ ਕਰ ਸਕਦਾ ਹੈ।”***

*ਸ਼੍ਰੀ ਦਲਜੀਤ ਸਿੰਘ ਦਿਲਬਰ, ਗਲਾਸਗੋ ਗੁਰਦਵਾਰਾ*

ਅੰਗ ਅਤੇ ਤੰਤੂ ਦਾਨ, ਆਪਣੀ ਚੋਣਾਂ ਅਤੇ ਆਪਣੇ ਦਾਨ ਦੇ ਫੈਸਲੇ ਨੂੰ ਕਿੰਝ ਦਰਜ ਕਰਨਾ ਹੈ ਬਾਰੇ ਵਾਧੂ ਜਾਣਕਾਰੀ ਪ੍ਰਾਪਤ ਕਰਨ ਲਈ ਜਾਓ:

**organdonationscotland.org**

ਜਾਂ ਫੋਨ ਕਰੋ **0300 123 23 23**

**ਆਭਾਰ**

ਸਕੌਟਿਸ਼ ਸਰਕਾਰ ਰਵਿੰਦਰ ਕੌਰ ਨਿੱਝਰ, ਸੁਰਜੀਤ ਸਿੰਘ ਚੌਧਰੀ ਐਮਬੀਈ, ਡਾ. ਇੰਦਰਜੀਤ ਸਿੰਘ, ਸ਼੍ਰੀਮਤੀ ਸਵਰਣ ਚੌਧਰੀ ਬੀਈਐਮ, ਦਲਜੀਤ ਸਿੰਘ ਦਿਲਬਰ ਅਤੇ ਕਿਡਨੀ ਰਿਸਰਚ ਯੂਕੇ ਨੂੰ ਇਸ ਪਰਚੇ ਲਈ ਜਾਣਕਾਰੀ ਤਿਆਰ ਕਰਨ ਵਿੱਚ ਉਹਨਾਂ ਦੀ ਸਹਾਇਤਾ ਲਈ ਧੰਨਵਾਦ ਕਰਨਾ ਚਾਹੁੰਦੀ ਹੈ।

ਦਸੰਬਰ 2020 ਵਿੱਚ ਨਵਿਆਇਆ ਗਿਆ

OLC282.2P 19200583